BRAMPTON

**Media Release**

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਟ੍ਰਾਂਜ਼ਿਟ ਵਿੱਚ 2 ਜੁਲਾਈ ਤੋਂ, ਪਹਿਲਾਂ ਵਾਂਗ ਕਿਰਾਇਆ ਲੱਗੇਗਾ, ਸਵਾਰੀਆਂ ਮੋਹਰਲੇ ਦਰਵਾਜੇ ਤੋਂ ਚੜ੍ਹ ਸਕਣਗੀਆਂ ਅਤੇ ਗੈਰ-ਮੈਡੀਕਲ ਮਾਸਕ ਪਹਿਣਨਾ ਜ਼ਰੂਰੀ ਹੋਵੇਗਾ

ਬ੍ਰੈਂਪਟਨ, ਓਨਟੈਰੀਓ (3 ਜੂਨ, 2020) – ਅੱਜ, ਮੇਅਰ ਪੈਟਰਿਕ ਬ੍ਰਾਊਨ ਅਤੇ ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਨੇ, ਸਿਟੀ ਆਫ ਬ੍ਰੈਂਪਟਨ ਦੀ, ਸ਼ਹਿਰ ਨੂੰ ਦੁਬਾਰਾ ਖੋਲ੍ਹਣ ਅਤੇ ਬਹਾਲੀ ਯੋਜਨਾ ਦੇ ਹਿੱਸੇ ਵਜੋਂ ਕਈ ਉਪਾਵਾਂ ਦਾ ਐਲਾਨ ਕੀਤਾ। ਵੀਰਵਾਰ, 2 ਜੁਲਾਈ ਤੋਂ ਸ਼ੁਰੂ ਕਰਦੇ ਹੋਏ, ਬੱਸ ਤੇ ਸਵਾਰੀਆਂ ਲਈ ਪਹਿਲਾਂ ਵਾਂਗ ਕਿਰਾਇਆ ਦੇਣਾ ਜ਼ਰੂਰੀ ਹੋਵੇਗਾ ਅਤੇ ਉਹ ਮੋਹਰਲੇ ਦਰਵਾਜੇ ਤੋਂ ਚੜ੍ਹ ਸਕਣਗੀਆਂ। ਪਬਲਿਕ ਟ੍ਰਾਂਜ਼ਿਟ ਤੇ ਮਾਸਕ ਪਹਿਣਨ ਦੀ, ਪੀਲ ਪਬਲਿਕ ਹੈਲਥ (Peel Public Health) ਅਤੇ ਓਨਟੈਰੀਓ ਸਰਕਾਰ (Government of Ontario) ਦੀ ਜ਼ੋਰਦਾਰ ਸਲਾਹ ਦੀ ਪਾਲਣਾ ਕਰਦੇ ਹੋਏ, ਬ੍ਰੈਂਪਟਨ ਟ੍ਰਾਂਜ਼ਿਟ ਦੀਆਂ ਸਵਾਰੀਆਂ ਅਤੇ ਓਪਰੇਟਰਾਂ ਲਈ, 2 ਜੁਲਾਈ ਤੋਂ ਬੱਸਾਂ ਅਤੇ ਟਰਮੀਨਲਾਂ ਤੇ ਗੈਰ-ਮੈਡੀਕਲ ਮਾਸਕ (ਕੱਪੜੇ ਦੇ ਬਣੇ ਸਧਾਰਨ ਮਾਸਕ) ਪਹਿਣਨਾ ਜ਼ਰੂਰੀ ਹੋਵੇਗਾ।

ਸਵਾਰੀਆਂ ਅਤੇ ਸਟਾਫ਼ ਦੀ ਸਿਹਤ ਅਤੇ ਸੁਰੱਖਿਆ, ਬ੍ਰੈਂਪਟਨ ਟ੍ਰਾਂਜ਼ਿਟ ਅਤੇ ਸਿਟੀ ਆਫ ਬ੍ਰੈਂਪਟਨ ਵਿਖੇ ਮੁੱਖ ਤਰਜੀਹ ਹੈ ਅਤੇ ਦੋਵਾਂ ਨੂੰ ਯਕੀਨੀ ਬਣਾਉਂਦੇ ਹੋਏ ਇਹ ਤਬਦੀਲੀਆਂ ਲਾਗੂ ਕੀਤੀਆਂ ਜਾਣਗੀਆਂ।

**ਕਿਰਾਏ ਦਾ ਭੁਗਤਾਨ**

2 ਜੁਲਾਈ ਤੋਂ ਸ਼ੁਰੂ ਕਰਦੇ ਹੋਏ, ਬ੍ਰੈਂਪਟਨ ਟ੍ਰਾਂਜ਼ਿਟ ਦੀਆਂ ਸਾਰੀਆਂ ਬੱਸਾਂ ਤੇ ਕਿਰਾਏ ਦਾ ਭੁਗਤਾਨ ਕਰਨਾ ਜ਼ਰੂਰੀ ਹੋਵੇਗਾ। ਸਵਾਰੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਬਿਨਾਂ ਸੰਪਰਕ ਦੇ ਭੁਗਤਾਨ ਕਰਨ ਲਈ, ਆਪਣਾ ਕਿਰਾਇਆ ਦੇਣ ਵਾਸਤੇ ਆਪਣਾ PRESTO ਕਾਰਡ ਵਰਤਣ। ਕਿਰਾਇਆਂ ਬਾਰੇ ਪੂਰੇ ਵੇਰਵਿਆਂ ਲਈ, ਇੱਥੇ ਕਲਿੱਕ ਕਰੋ (click here)।

ਬਜ਼ੁਰਗਾਂ ਨੂੰ ਪਹੁੰਚ ਯੋਗ ਟ੍ਰਾਂਜ਼ਿਟ ਪ੍ਰਦਾਨ ਕਰਨਾ, ਸਿਟੀ ਦੀ ਮੁੱਖ ਤਰਜੀਹ ਹੈ। ਕੋਵਿਡ-19 (COVID-19) ਦੇ ਅਸਰ ਨੂੰ ਦੇਖਦੇ ਹੋਏ, ਸਾਰੇ ਐਕਟਿਵ (ਸਕਿਰਿਆ) ਸੀਨੀਅਰ ਆਈ.ਡੀ. (ID) ਕਾਰਡਾਂ ਤੇ, ਅਨਿਸ਼ਚਿਤ ਸਮੇਂ ਤੱਕ ਕੋਈ ਐਕਸਪਾਇਰੀ ਡੇਟ (ਮਿਆਦ ਪੁੱਗਣ ਦੀ ਤਾਰੀਖ) ਨਹੀਂ ਹੋਵੇਗੀ। ਟ੍ਰਾਂਜ਼ਿਟ ਦੇ ਟਰਮੀਨਲਾਂ ਵਿਖੇ ਗਾਹਕ ਕਾਉਂਟਰ (Customer Counters), 2 ਜੁਲਾਈ ਤੋਂ ਪਹਿਲਾਂ ਦੁਬਾਰਾ ਖੁੱਲ੍ਹ ਜਾਣਗੇ। ਅਸੀਂ ਤਾਜ਼ਾ ਜਾਣਕਾਰੀ ਉਪਲਬਧ ਹੁੰਦੇ ਹੀ ਪ੍ਰਦਾਨ ਕਰਾਂਗੇ।

2020 ਦੀਆਂ ਪ੍ਰਸਤਾਵਿਤ ਕਿਰਾਇਆ ਤਬਦੀਲੀਆਂ, ਅਗਲੇ ਨੋਟਿਸ ਤੱਕ ਸਥਗਿਤ ਕਰ ਦਿੱਤੀਆਂ ਗਈਆਂ ਹਨ।

**ਬੱਸਾਂ ਤੇ ਮੋਹਰਲੇ ਦਰਵਾਜੇ ਤੋਂ ਚੜ੍ਹਨਾ**

ਬ੍ਰੈਂਪਟਨ ਟ੍ਰਾਂਜ਼ਿਟ, 2 ਜੁਲਾਈ ਤੋਂ ਸ਼ੁਰੂ ਕਰਦੇ ਹੋਏ, ਸਾਰੀਆਂ ਸਵਾਰੀਆਂ ਨੂੰ ਬੱਸਾਂ ਤੇ ਮੋਹਰਲੇ ਦਰਵਾਜੇ ਤੋਂ ਚੜ੍ਹਨ ਦੀ ਇਜਾਜ਼ਤ ਦੇਵੇਗੀ। ਸਵਾਰੀਆਂ ਨੂੰ ਪਿਛਲੇ ਦਰਵਾਜਿਆਂ ਤੋਂ ਉੱਤਰਣਾ ਹੋਵੇਗਾ। ਸਵਾਰੀਆਂ ਨੂੰ ਯਾਦ ਕਰਾਇਆ ਜਾਂਦਾ ਹੈ ਕਿ ਉਹ ਇੱਕ-ਦੂਜੇ ਤੋਂ ਦੋ ਮੀਟਰ (ਛੇ ਫੁੱਟ) ਦੂਰ ਰਹਿ ਕੇ ਸਰੀਰਕ ਦੂਰੀ ਕਾਇਮ ਰੱਖਣ, ਵਾਰ-ਵਾਰ ਆਪਣੇ ਹੱਥ ਧੋਣ ਅਤੇ ਖੰਘਦੇ ਅਤੇ ਨਿੱਛਾਂ ਮਾਰਦੇ ਸਮੇਂ ਮੂੰਹ ਨੂੰ ਆਪਣੀ ਕੂਹਣੀ ਨਾਲ ਢਕ ਲੈਣ।

**ਗੈਰ-ਮੈਡੀਕਲ ਮਾਸਕ**

ਪਬਲਿਕ ਟ੍ਰਾਂਜ਼ਿਟ ਤੇ ਮਾਸਕ ਪਹਿਣਨ ਦੀ, ਪੀਲ ਪਬਲਿਕ ਹੈਲਥ ਅਤੇ ਓਨਟੈਰੀਓ ਸਰਕਾਰ ਦੀ ਜ਼ੋਰਦਾਰ ਸਲਾਹ ਦੀ ਪਾਲਣਾ ਕਰਦੇ ਹੋਏ, ਬ੍ਰੈਂਪਟਨ ਟ੍ਰਾਂਜ਼ਿਟ ਦੀਆਂ ਸਵਾਰੀਆਂ ਅਤੇ ਓਪਰੇਟਰਾਂ ਲਈ, 2 ਜੁਲਾਈ ਤੋਂ ਬੱਸਾਂ ਅਤੇ ਟਰਮੀਨਲਾਂ ਤੇ ਗੈਰ-ਮੈਡੀਕਲ ਮਾਸਕ ਪਹਿਣਨਾ ਜ਼ਰੂਰੀ ਹੋਵੇਗਾ।

ਹਾਲਾਂਕਿ ਮਾਸਕ ਜ਼ਰੂਰੀ ਹੋਣਗੇ, ਪਰ ਦੋ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਜਾਂ ਅਪਾਹਜ ਲੋਕਾਂ ਲਈ ਜਾਂ ਜੋ ਲੋਕ ਹੋਰ ਮੈਡੀਕਲ ਸਥਿਤੀਆਂ ਕਾਰਨ ਮਾਸਕ ਨਹੀਂ ਪਹਿਨ ਸਕਦੇ, ਉਹਨਾਂ ਲਈ ਮਾਸਕ ਪਹਿਣਨਾ ਜ਼ਰੂਰੀ ਨਹੀਂ ਹੋਵੇਗਾ।

ਗੈਰ-ਮੈਡੀਕਲ ਮਾਸਕਾਂ ਬਾਰੇ ਹੋਰ ਜਾਣਕਾਰੀ ਲਈ, ਪੀਲ ਪਬਲਿਕ ਹੈਲਥ ਦੀ ਵੈਬਸਾਈਟ (website) ਅਤੇ ਓਨਟੈਰੀਓ ਸਰਕਾਰ ਦੀ ਵੈਬਸਾਈਟ (website) ਤੇ ਜਾਓ। ਇਸ ਜਾਣਕਾਰੀ ਵਿੱਚ ਸ਼ਾਮਲ ਹੈ, ਤੁਹਾਡੇ ਗੈਰ-ਮੈਡੀਕਲ ਮਾਸਕ ਨੂੰ ਚੰਗੀ ਤਰ੍ਹਾਂ ਕਿਵੇਂ ਪਹਿਣਨਾ ਹੈ, ਫਿਟ ਕਰਨਾ ਹੈ, ਹਟਾਉਣਾ ਹੈ ਅਤੇ ਸਾਫ਼ ਕਰਨਾ ਹੈ।

**ਕੋਵਿਡ-19 ਤੋਂ ਸੁਰੱਖਿਆ ਸਬੰਧੀ ਉਪਾਅ**

ਵੱਧ ਵਾਰ ਸਫਾਈ ਅਤੇ ਸੈਨੀਟਾਈਜ਼ ਕਰਨ ਦਾ ਸ਼ੈਡਿਊਲ ਪਹਿਲਾਂ ਵਾਂਗ ਹੀ ਪ੍ਰਭਾਵੀ ਰਹੇਗਾ। ਹਰ 48 ਘੰਟਿਆਂ ਵਿੱਚ ਸਾਰੀਆਂ ਠੋਸ ਸਤ੍ਹਾਵਾਂ, ਓਪਰੇਟਰ ਕੰਪਾਰਮੈਂਟਸ ਅਤੇ ਸੀਟਾਂ ਨੂੰ ਰੋਗਾਣੂ ਮੁਕਤ ਕਰਨਾ, ਬ੍ਰੈਂਪਟਨ ਟ੍ਰਾਂਜ਼ਿਟ ਦਾ ਟੀਚਾ ਹੈ। ਇਸ ਵੇਲੇ ਜ਼ਿਆਦਾਤਰ ਬੱਸਾਂ ਨੂੰ ਹਰੇਕ 24 ਘੰਟਿਆਂ ਵਿੱਚ ਸੈਨੀਟਾਈਜ਼ ਕੀਤਾ ਜਾ ਰਿਹਾ ਹੈ। ਜਿਹਨਾਂ ਫੈਸਿਲਿਟੀਜ ਅਤੇ ਟਰਮੀਨਲਾਂ ਦੀਆਂ ਠੋਸ ਸਤ੍ਹਾਵਾਂ ਹਨ, ਉਹਨਾਂ ਨੂੰ ਰੋਜ਼ਾਨਾ ਪੂੰਝਿਆ ਜਾ ਰਿਹਾ ਹੈ ਅਤੇ ਸੈਨੀਟਾਈਜ਼ ਕੀਤਾ ਜਾ ਰਿਹਾ ਹੈ।

ਸਿਟੀ, ਸਵਾਰੀਆਂ ਨੂੰ ਬੇਨਤੀ ਕਰਦੀ ਹੈ ਕਿ ਉਹ ਮਾਸਕ ਪਹਿਨ ਕੇ ਵੀ, ਬੱਸਾਂ ਵਿੱਚ, ਟਰਮੀਨਲਾਂ ਤੇ ਅਤੇ ਬਸ ਸਟੌਪਸ ਤੇ ਲਗਾਤਾਰ ਸਰੀਰਕ ਦੂਰੀ ਕਾਇਮ ਰੱਖਣ। ਸਵਾਰੀਆਂ ਨੂੰ ਇਹ ਵੀ ਯਾਦ ਕਰਾਇਆ ਜਾਂਦਾ ਹੈ ਕਿ ਉਹ ਸਫ਼ਰ ਕਰਦੇ ਸਮੇਂ, ਹੈਂਡ ਸੈਨੀਟਾਈਜ਼ਰ ਜਾਂ ਵਾਈਪਸ ਜਿਹੇ, ਖੁਦ ਦੇ ਰੋਗਾਣੂ-ਨਾਸ਼ਕ ਪਦਾਰਥ ਆਪਣੇ ਨਾਲ ਰੱਖਣ, ਵਾਰ-ਵਾਰ ਆਪਣੇ ਹੱਥ ਧੋਣ ਅਤੇ ਖੰਘਦੇ ਜਾਂ ਨਿੱਛਾਂ ਮਾਰਦੇ ਸਮੇਂ, ਮੂੰਹ ਨੂੰ ਆਪਣੀ ਕੂਹਣੀ ਨਾਲ ਢਕ ਲੈਣ।

ਪੀਲ ਪਬਲਿਕ ਹੈਲਥ ਦੇ ਮਾਰਗ ਦਰਸ਼ਨ ਨਾਲ, ਸਿਟੀ ਆਫ ਬ੍ਰੈਂਪਟਨ ਹਰ ਕਿਸੇ ਨੂੰ ਗੈਰ-ਮੈਡੀਕਲ ਮਾਸਕ ਪਹਿਣਨ ਦੀ ਸਲਾਹ ਦਿੰਦੀ ਹੈ, ਖਾਸ ਕਰਕੇ ਉਹਨਾਂ ਥਾਵਾਂ ਤੇ, ਜਿੱਥੇ ਸਰੀਰਕ ਦੂਰੀ ਰੱਖਣਾ ਮੁਸ਼ਕਲ ਹੋ ਸਕਦਾ ਹੈ। ਸਿਟੀ ਆਫ ਬ੍ਰੈਂਪਟਨ, ਜੋਖਮਾਂ ਦਾ ਲਗਾਤਾਰ ਨਿਰੀਖਣ ਕਰਨ ਲਈ ਪੀਲ ਪਬਲਿਕ ਹੈਲਥ ਅਤੇ ਬ੍ਰੈਂਪਟਨ ਐਮਰਜੈਂਸੀ ਮੈਨੇਜਮੈਂਟ ਆਫਿਸ (Brampton Emergency Management Office) ਵਿਖੇ ਆਪਣੇ ਭਾਈਵਾਲਾਂ ਦੇ ਨਾਲ ਮਿਲ ਕੇ ਕੰਮ ਕਰ ਰਹੀ ਹੈ। ਨਿਯਮਿਤ ਅੱਪਡੇਟਾਂ ਲਈ www.brampton.ca/covid19 ਤੇ ਜਾਓ ਅਤੇ ਸੇਵਾ ਅੱਪਡੇਟਾਂ ਲਈ bramptontransit.com ਤੇ ਜਾਓ ਜਾਂ Twitter ਤੇ @bramptontransit ਨੂੰ ਫਾੱਲੋ ਕਰੋ। ਸਵਾਲ ਸਿੱਧੇ ਬ੍ਰੈਂਪਟਨ ਟ੍ਰਾਂਜ਼ਿਟ ਦੇ ਸੰਪਰਕ ਕੇਂਦਰ (Contact Centre) ਵਿਖੇ 905.874.2999 ਤੇ ਪੁੱਛੇ ਜਾ ਸਕਦੇ ਹਨ।

**ਹਵਾਲੇ**

"ਸਾਨੂੰ ਕੋਵਿਡ-19 ਮਹਾਂਮਾਰੀ ਦੇ ਦੌਰਾਨ ਖੁਦ ਨੂੰ ਅਤੇ ਇੱਕ-ਦੂਜੇ ਨੂੰ ਸੁਰੱਖਿਅਤ ਰੱਖਣ ਲਈ ਇਕੱਠੇ ਮਿਲ ਕੇ ਕੰਮ ਕਰਨ ਦੀ ਲੋੜ ਹੈ। ਜੇਕਰ ਤੁਸੀਂ ਬ੍ਰੈਂਪਟਨ ਟ੍ਰਾਂਜ਼ਿਟ ਦੀ ਸਵਾਰੀ ਹੋ, ਤਾਂ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਗੈਰ-ਮੈਡੀਕਲ ਮਾਸਕ ਲੈ ਕੇ, ਬੱਸਾਂ ਅਤੇ ਟਰਮੀਨਲਾਂ ਵਿਖੇ ਹੋਣ ਵੇਲੇ ਉਸਨੂੰ ਪਹਿਨੋ।

ਇਸ ਬਾਰੇ ਪੀਲ ਪਬਲਿਕ ਹੈਲਥ ਅਤੇ ਓਨਟੈਰੀਓ ਸਰਕਾਰ ਦੀਆਂ ਗਾਈਡਲਾਈਨਾਂ ਦੀ ਪਾਲਣਾ ਕਰੋ ਕਿ ਹਰੇਕ ਦੀ ਸਿਹਤ ਅਤੇ ਸੁਰੱਖਿਆ ਲਈ, ਤੁਹਾਡੇ ਗੈਰ-ਮੈਡੀਕਲ ਮਾਸਕ ਨੂੰ ਚੰਗੀ ਤਰ੍ਹਾਂ ਕਿਵੇਂ ਪਹਿਣਨਾ ਹੈ, ਫਿਟ ਕਰਨਾ ਹੈ, ਹਟਾਉਣਾ ਹੈ ਅਤੇ ਸਾਫ਼ ਕਰਨਾ ਹੈ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਕੋਵਿਡ-19 ਦੇ ਦੌਰਾਨ, ਨਿਵਾਸੀਆਂ ਨੂੰ ਸੁਰੱਖਿਅਤ ਰੂਪ ਨਾਲ ਗਤੀਸ਼ੀਲ ਰੱਖਣਾ, ਸਾਡੀ ਸਿਟੀ ਕਾਉਂਸਿਲ ਦੀ ਤਰਜੀਹ ਹੈ। ਬ੍ਰੈਂਪਟਨ ਟ੍ਰਾਂਜ਼ਿਟ ਦੇ ਸਟਾਫ਼ ਅਤੇ ਸਵਾਰੀਆਂ ਲਈ ਇਹ ਵਾਧੂ ਸੁਰੱਖਿਆ ਉਪਾਅ ਯਕੀਨੀ ਬਣਾਉਣਗੇ ਕਿ ਅਸੀਂ ਲਗਾਤਾਰ ਯਕੀਨੀ ਬਣਾਉਂਦੇ ਹਾਂ ਕਿ ਸਾਡੀ ਸਿਟੀ ਨੂੰ ਦੁਬਾਰਾ ਖੋਲ੍ਹਣ ਲਈ ਮਹੱਤਵਪੂਰਣ ਕਦਮ ਚੁੱਕਦੇ ਸਮੇਂ, ਟ੍ਰਾਂਜ਼ਿਟ ਇੱਕ ਸੁਰੱਖਿਅਤ ਵਿਕਲਪ ਹੈ।"

- *ਰੋਏਨਾ ਸੈਨਟੋਸ (Rowena Santos), ਰੀਜਨਲ ਕਾਉਂਸਲਰ ਵਾਰਡਸ 1 ਅਤੇ 5; ਚੇਅਰ, ਕਮਿਉਨਿਟੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਸਿਟੀ ਆਫ ਬ੍ਰੈਂਪਟਨ, ਸਾਡੇ ਭਾਈਚਾਰੇ ਲਈ ਸਿਹਤਮੰਦ ਅਤੇ ਸੁਰੱਖਿਅਤ ਟ੍ਰਾਂਜ਼ਿਟ ਸੇਵਾ ਪ੍ਰਦਾਨ ਕਰਨ ਲਈ ਸਮਰਪਿਤ ਹੈ। ਬ੍ਰੈਂਪਟਨ ਟ੍ਰਾਂਜ਼ਿਟ ਦੁਬਾਰਾ ਕਿਰਾਏ ਨੂੰ ਲਾਗੂ ਕਰਨ ਅਤੇ ਮੋਹਰਲੇ ਦਰਵਾਜੇ ਤੋਂ ਚੜ੍ਹਨ ਦੀ ਇਜਾਜ਼ਤ ਦੇਣ ਲਈ, ਸਾਰੇ ਜ਼ਰੂਰੀ ਉਪਾਅ ਕਰ ਰਿਹਾ ਹੈ। ਇਹ ਪੀਲ ਪਬਲਿਕ ਹੈਲਥ ਅਤੇ ਓਨਟੈਰੀਓ ਸਰਕਾਰ ਦੀ ਸਲਾਹ ਨਾਲ, ਸਿਹਤਮੰਦ ਅਤੇ ਸੁਰੱਖਿਅਤ ਤਰੀਕੇ ਨਾਲ ਗੈਰ-ਮੈਡੀਕਲ ਮਾਸਕਾਂ ਨੂੰ ਜ਼ਰੂਰੀ ਤੌਰ ਤੇ ਲਾਗੂ ਕਰ ਰਿਹਾ ਹੈ।"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca